# ਪੈਪਸੂ ਰੋਡ ਟਰਾਂਸਪੋਰਟ ਕਾਰਪੋਰੇਸ਼ਨ ਪਟਿਆਲਾ ਡਿਪੂ

## ਬੋਲੀ ਨੋਟਿਸ

ਆਮ ਜਨਤਾ ਨੂੰ ਸੂਚਿਤ ਕੀਤਾ ਜਾਂਦਾ ਹੈ ਕਿ ਪੀ.ਆਰ.ਟੀ.ਸੀ. ਪਟਿਆਲਾ ਡਿਪੂ ਅਧੀਨ ਆਉਂਦੇ ਬੱਸ ਸਟੈਂਡਾਂ ਤੇ ਸਥਿਤ ਦੁਕਾਨਾਂ ਅਤੇ ਸਾਇਕਲ/ਸਕੂਟਰ ਸਟੈਂਡ ਦੀ ਖੁੱਲੀ ਬੋਲੀ 11 ਮਹੀਨਿਆਂ ਲਈ ਲਾਇਸ਼ੰਸੀ ਆਧਾਰ ਤੇ ਦੇਣ ਲਈ ਪੀ.ਆਰ.ਟੀ.ਸੀ. ਮੁੱਖ ਦਫਤਰ, ਨਾਭਾ ਰੋਡ, ਪਟਿਆਲਾ ਵਿਖੇ ਹੇਠ ਦਰਸਾਏ ਅਨੁਸਾਰ ਰੱਖੀ ਗਈ ਹੈ:-

| ਲੜੀ ਨੰ. | ਬੱਸ ਸਟੈਂਡ | ਦੁਕਾਨਾਂ / ਪਾਰਕਿੰਗ | ਮਿਤੀ/ ਸਮਾਂ |
|---|---|---|---|
| 1 | ਨਵਾਂ ਬੱਸ ਸਟੈਂਡ ਪਟਿਆਲਾ | ਦੁਕਾਨ ਨੰ.5,6,7,8,13,15,16 ਅਤੇ ਸਾਇਕਲ/ਸਕੂਟਰ ਸਟੈਂਡ (ਬੇਸਮੈਂਟ), ਆਟੋ ਈ-ਰਿਕਸ਼ਾ ਕਾਰ ਪਾਰਕਿੰਗ | ਮਿਤੀ 28.06.2024 (ਸਵੇਰੇ 11 ਵਜੇ) |
| 2 | ਪੁਰਾਣਾ ਬੱਸ ਸਟੈਂਡ ਪਟਿਆਲਾ | ਦੁਕਾਨ ਨੰ.1, 2, 3 | |
| 3 | ਬੱਸ ਸਟੈਂਡ ਅਮਲੋਹ | ਦੁਕਾਨ ਨੰ. 1, 2, 5 (ਰੈਸਟੋਰੈਂਟ) ਅਤੇ ਸਾਇਕਲ/ਸਕੂਟਰ ਸਟੈਂਡ | ਮਿਤੀ 28.06.2024 (ਦੁਪਹਿਰ 02 ਵਜੇ) |
| 4 | ਬੱਸ ਸਟੈਂਡ ਪਾਤੜਾਂ | ਦੁਕਾਨ ਨੰ. 1(ਰੈਸਟੋਰੈਂਟ), 2, 5 ਅਤੇ ਸਾਇਕਲ ਸਕੂਟਰ ਸਟੈਂਡ | |
| 5 | ਬੱਸ ਸਟੈਂਡ ਸਰਹਿੰਦ | ਦੁਕਾਨ ਨੰ. 1, 2, 3 ਅਤੇ ਰੈਸਟੋਰੈਂਟ | |
| 6 | ਬੱਸ ਸਟੈਂਡ ਬਸੀ ਪਠਾਣਾਂ | ਦੁਕਾਨ ਨੰ. 1, 2, 4, 5 ਅਤੇ ਸਾਇਕਲ ਸਕੂਟਰ ਸਟੈਂਡ | |

ਜਿਹੜੇ ਚਾਹਵਾਨ ਵਿਅਕਤੀ ਖੁੱਲੀ ਬੋਲੀ ਰਾਹੀਂ ਦੁਕਾਨਾਂ ਅਤੇ ਸਾਇਕਲ/ਸਕੂਟਰ ਸਟੈਂਡ ਨੂੰ ਲਾਇਸੰਸ ਦੇ ਆਧਾਰ ਤੇ ਲੈਣਾ ਚਾਹੁੰਦੇ ਹਨ ਤਾਂ ਉਹ ਨਵੇਂ ਅਤੇ ਪੁਰਾਣੇ ਬੱਸ ਸਟੈਂਡ ਪਟਿਆਲਾ ਦੀਆਂ ਦੁਕਾਨਾਂ ਲਈ 500/- ਰੁਪਏ ਐਂਟਰੀ ਫੀਸ ਤੇ 20,000/- ਰੁਪਏ ਅਰਨਸਟ ਮਨੀ, ਸਾਇਕਲ/ਸਕੂਟਰ ਸਟੈਂਡ ਲਈ 1000/- ਰੁਪਏ ਐਂਟਰੀ ਫੀਸ ਤੇ 50,000/- ਰੁਪਏ ਅਰਨਸਟ ਮਨੀ ਤੇ ਬਾਕੀ ਦੇ ਬੱਸ ਸਟੈਂਡਾਂ ਦੀਆਂ ਦੁਕਾਨਾਂ/ਸਕੂਟਰ ਸਟੈਂਡ ਲਈ 100/- ਰੁਪਏ ਐਂਟਰੀ ਫੀਸ ਤੇ 10,000/- ਰੁਪਏ ਅਰਨਸਟ ਮਨੀ ਜਮ੍ਹਾਂ ਕਰਵਾਉਂਦੇ ਹੋਏ ਬੋਲੀ ਵਿੱਚ ਭਾਗ ਲੈ ਸਕਦੇ ਹਨ। ਬੋਲੀ ਕੈਂਸਲ/ਅੱਗੇ ਕਰਨ ਦਾ ਅਧਿਕਾਰ ਜਨਰਲ ਮੈਨੇਜਰ ਪੀ.ਆਰ.ਟੀ.ਸੀ. ਪਟਿਆਲਾ ਡਿਪੂ ਕੋਲ ਰਾਖਵਾਂ ਹੋਵੇਗਾ। ਹੋਰ ਜਿਆਦਾ ਜਾਣਕਾਰੀ/ਸ਼ਰਤਾਂ ਲਈ ਕਿਸੇ ਵੀ ਕੰਮ ਵਾਲੇ ਦਿਨ ਫੋਨ ਨੰ. 0175-2311719,98152-17725, Email ID: prtc.pat@gmail.com ਜਾਂ website: www.pepsurtc.com ਤੇ ਦੇਖਿਆ/ਸੰਪਰਕ ਕੀਤਾ ਜਾ ਸਕਦਾ ਹੈ।

ਜਨਰਲ ਮੈਨੇਜਰ,
ਪੀ.ਆਰ.ਟੀ.ਸੀ,
ਪਟਿਆਲਾ ਡਿਪੂ।

# ਸ਼ਰਤਾਂ

1. ਜੇ ਲਾਇਸੰਸ ਹਰ ਮਹੀਨੇ ਦੀ ਲਾਇਸੰਸ ਫੀਸ ਉਸ ਮਹੀਨੇ ਦੀ 5 ਤਾਰੀਖ ਤੱਕ ਅਗੇਤੀ ਜਮ੍ਹਾਂ ਨਹੀਂ ਕਰਵਾਏਗਾ ਤਾਂ ਉਸ ਨੂੰ ਲਾਇਸੰਸੀ ਫੀਸ ਦੇ ਇਲਾਵਾ ਲਾਇਸੰਸੀ ਫੀਸ ਦਾ 1% ਪ੍ਰਤੀ ਦਿਨ ਦੇ ਹਿਸਾਬ ਨਾਲ ਜੁਰਮਾਨਾ ਦੇਣਾ ਪਵੇਗਾ ਅਤੇ ਲਾਇਸੰਸ ਫੀਸ ਸਮੇਤ ਜੁਰਮਾਨਾ 15 ਦਿਨਾਂ ਉਪਰੰਤ ਵੀ ਨਾ ਭਰਨ ਉਪਰੰਤ ਲਾਇਸੰਸਰ 15 ਦਾ ਨੋਟਿਸ ਲਾਇਸੰਸੀ ਨੂੰ ਜਾਰੀ ਕਰੇਗਾ ਇਸ ਦੌਰਾਨ ਇਹ ਜੁਰਮਾਨਾ ਪੈਂਦਾ ਰਹੇਗਾ। ਇਸ ਹਾਲਤ ਵਿੱਚ ਜੁਰਮਾਨਾ ਉਸ ਮਹੀਨੇ ਦੀ 1 ਤਾਰੀਖ ਤੋਂ ਲਿਆ ਜਾਵੇਗਾ ਜੇ ਇੱਕ ਮਹੀਨੇ ਬਾਅਦ ਤੱਕ ਵੀ ਲਾਇਸੰਸੀ ਆਪਣੀ ਲਾਇਸੰਸੀ ਫੀਸ ਸਮੇਤ ਜੁਰਮਾਨਾ ਜਮ੍ਹਾ ਨਹੀ ਕਰਵਾਉਂਦਾ ਅਤੇ ਨੋਟਿਸ ਦਾ ਉਤਰ ਨਹੀਂ ਦਿੰਦਾ ਤਾਂ ਲਾਇਸੰਸੀ ਦਾ ਉਸ ਦੁਕਾਨ/ਸਟਾਲ ਉਪਰ ਕਿਸੇ ਤਰ੍ਹਾਂ ਦਾ ਕੋਈ ਕਾਨੂੰਨੀ ਹੱਕ ਨਹੀਂ ਰਹਿ ਜਾਵੇਗਾ ਅਤੇ ਜਨਰਲ ਮੈਨੇਜਰ ਉਸਦਾ ਲਾਇਸੰਸ ਖਤਮ ਕਰ ਦੇਵੇਗਾ ਅਤੇ ਉਸ ਦੁਆਰਾ ਜਮ੍ਹਾ ਕਰਵਾਈ ਸਕਿਉਰਟੀ ਜ਼ਬਤ ਕਰ ਲਵੇਗਾ ਤੇ ਲਾਇਸੰਸੀ ਨੂੰ ਸਟਾਲ/ਦੁਕਾਨ ਆਦਿ ਖਾਲੀ ਕਰਨ ਲਈ ਇੱਕ ਹਫਤੇ ਦਾ ਸਮਾਂ ਦੇਵੇਗਾ । ਇਸ ਕੇਸ ਵਿੱਚ ਜੁਰਮਾਨੇ ਦੀ ਰਕਮ ਦੁਕਾਨ ਖਾਲੀ ਹੋਣ ਦੀ ਤਾਰੀਖ ਤੱਕ ਉਸ ਲਾਇਸੰਸੀ ਤੇ ਪੈਂਦੀਂ ਰਹੇਗੀ । ਇੱਕ ਹਫਤੇ ਦੇ ਨੋਟਿਸ ਦੀ ਮਿਆਦ ਖਤਮ ਹੋਣ ਤੇ ਲਾਇਸੰਸੀ ਦਾ ਸਟਾਲ ਤੋਂ ਕਬਜਾ ਖਾਰਿਜ ਸਮਝਿਆ ਜਾਵੇਗਾ ਅਤੇ ਜੇਕਰ ਲਾਇਸੰਸੀ ਵਲੋਂ ਇੱਕ ਹਫਤੇ ਦੌਰਾਨ ਆਪਣਾ ਸਮਾਨ ਦੁਕਾਨ/ਸਟਾਲ ਤੋਂ ਨਹੀਂ ਚੁੱਕਿਆ ਜਾਂਦਾ ਤਾਂ ਲਾਇਸੰਸਰ ਨੂੰ ਪੂਰਾ ਅਧਿਕਾਰ ਹੋਵੇਗਾ ਕਿ ਉਹ ਉਸ ਸਮਾਨ ਨੂੰ ਆਪਣੇ ਕਬਜੇ ਵਿੱਚ ਲੈ ਕੇ ਜਿਸ ਤਰ੍ਹਾਂ ਚਾਹੇ ਵਰਤ ਸਕਦਾ ਹੈ।ਅਜਿਹੀ ਸਥਿਤੀ ਵਿੱਚ ਲਾਇਸੰਸਰ ਉਸ ਦੁਕਾਨ/ਸਟਾਲ ਦਾ ਕਬਜਾ ਧਾਰਕ ਹੋਵੇਗਾ ਅਜਿਹੀ ਸਥਿਤੀ ਵਿੱਚ ਲਾਇਸੰਸਰ ਕੋਲ ਦੁਕਾਨ/ਸਟਾਲ ਨੂੰ ਲੈ ਕੇ ਸਾਰੇ ਅਖਤਿਆਰ ਹੋਣਗੇ ।

2. ਤਿੰਨ ਮਹੀਨੇ ਦੀ ਲਾਇਸੰਸ ਫੀਸ ਸਾਰੇ ਖਰਚਿਆਂ ਸਮੇਤ(ਖਰਚਿਆਂ ਵਿੱਚ ਬਿਜਲੀ,ਪਾਣੀ ਹਾਊਸ ਟੈਕਸ ਆਦਿ ਸ਼ਾਮਲ ਹੋਣਗੇ)......................... ਰੁਪਏ ਬੋਲੀ ਟੁੱਟਣ ਦੇ ਮੌਕੇ ਤੇ ਹੀ ਜਮ੍ਹਾ ਕਰਵਾਉਣੀ ਹੋਵੇਗੀ ਜੋ ਕਿ ਸਕਿਉਰਟੀ ਸਮਝੀ ਜਾਵੇਗੀ । ਇਹ ਸਕਿਉਰਟੀ ਦੀ ਰਕਮ ਲਾਇਸੰਸ ਦੀ ਮਿਆਦ ਖਤਮ ਹੋਣ ਤੋਂ ਬਾਅਦ ਲਾਇਸੰਸੀ ਵੱਲੋਂ ਕਬਜਾ ਵਾਪਸ ਦੇਣ ਮਗਰੋਂ ਰੀਲੀਜ ਕੀਤੀ ਜਾਵੇਗੀ ਜੇਕਰ ਲਾਇਸੰਸੀ ਅਜਿਹਾ ਨਹੀਂ ਕਰੇਗਾ ਜਾਂ ਦੁਕਾਨ ਸ਼ਰਤਾਂ ਅਨੁਸਾਰ ਖਾਲੀ ਨਹੀਂ ਕਰੇਗਾ ਤਾਂ ਇਹ ਸਕਿਉਰਟੀ ਜਬਤ ਕਰ ਲਈ ਜਾਵੇਗੀ ਅਤੇ ਕਾਨੂੰਨੀ ਕਾਰਵਾਈ ਕੀਤੀ ਜਾਵੇਗੀ । ਲਾਇਸੰਸੀ ਬਿਜਲੀ ਦਾ ਬਿੱਲ ਦੁਕਾਨ ਵਿੱਚ ਲਗਾਏ ਸਬ ਮੀਟਰ ਅਨੁਸਾਰ ਭਰਨ ਦਾ ਪਾਬੰਦ ਹੋਵੇਗਾ ।

3. ਜੇਕਰ ਲਾਇਸੰਸੀ ਹਰ ਮਹੀਨੇ ਦੀ ਮਿਥੀ ਤਾਰਿਖ ਨੂੰ ਲਾਇਸੰਸੀ ਫੀਸ ਖਰਚਿਆ ਸਮੇਤ (ਬਿਜਲੀ , ਪਾਣੀ ਅਤੇ ਹਾਊਸ ਟੈਕਸ ਆਦਿ)................................ਰੁਪਏ ਦੀ ਪੇਸ਼ਗੀ ਅਦਾ ਨਹੀ ਕਰੇਗਾ ਤਾਂ ਇਕ ਨੰਬਰ ਸ਼ਰਤ ਅਨੁਸਾਰ ਜਨਰਲ ਮੈਨੇਜਰ ਨੂੰ ਹੱਕ ਹਾਸਲ ਹੋਵੇਗਾ ਕਿ ਉਹ ਲਾਇਸੰਸ ਰੱਦ ਕਰ ਦੇਣਗੇ ਅਤੇ ਲਾਇਸੰਸਰ ਨੂੰ

ਸਕਿਉਰਟੀ ਦੀ ਰਕਮ ਜਬਤ ਕਰਨ ਦਾ ਅਧਿਕਾਰ ਵੀ ਹਾਸਲ ਹੋਵੇਗਾ ਅਤੇ ਲਾਇਸੰਸੀ ਨੂੰ ਕੋਈ ਐਕਸ਼ਨ ਲੈਣ ਜਾਂ ਕਾਨੂੰਨੀ ਕਾਰਵਾਈ ਕੋਰਟ ਕੇਸ ਦਾਇਰ ਕਰਨ ਦਾ ਅਧਿਕਾਰ ਨਹੀ ਹੋਵੇਗਾ। ਇਸ ਤੋਂ ਇਲਾਵਾ ਬਿਜਲੀ ਪਾਣੀ ਦਾ ਕੁਨੈਕਸ਼ਨ ਵੀ ਕੱਟ ਦਿੱਤਾ ਜਾਵੇਗਾ।

4. ਦੁਕਾਨ ਦਾ ਕਬਜਾ ਲੈਣ ਤੋਂ ਪਹਿਲਾਂ ਲਾਇਸੰਸੀ ਲਾਇਸੰਸ ਦਾਤਾ ਨੂੰ ਇਕਰਾਰਨਾਮਾ ਫਾਰਮ (ਨਿਰਧਾਰਤ ਫਾਰਮ ਵਿੱਚ) ਭਰ ਕੇ ਦੇਵੇਗਾ ਅਤੇ ਇਕ ਮਹੀਨੇ ਦੀ ਲਾਇਸੰਸ ਫੀਸ ਸਮੇਤ ਖਰਚਿਆਂ ਅਗੇਤੀ ਜਮ੍ਹਾਂ ਕਰਵਾਏਗਾ ਅਤੇ ਆਪਣਾ ਡਾਕ ਦਾ ਪਤਾ ਅਤੇ ਆਪਣੀ ਜਾਇਦਾਦ ਦਾ ਪੱਕਾ ਵੇਰਵਾ ਦੇਵੇਗਾ। ਲਾਇਸੰਸੀ ਆਪਣੇ ਦੋ ਜਮਾਨਤੀ ਸ਼ਰਤਾਂ ਪੂਰੀਆਂ ਨਾ ਕਰਨ ਦੀ ਸੂਰਤ ਵਿਚ ਕਾਰਪੋਰੇਸ਼ਨ ਕੋਲ ਜਮਾ ਕਰਵਾਈ ਸਕਿਉਰਟੀ ਦੀ ਰਕਮ ਜਬਤ ਕਰ ਲਈ ਜਾਵੇਗੀ।

5.ਲਾਇਸੰਸੀ ਦੁਕਾਨ/ਸਟਾਲ ਚੰਗੀ ਹਾਲਤ ਵਿਚ ਰੱਖੇਗਾ ਅਤੇ ਉਸਦੀ ਮੁਰੰਮਤ ਉਹ ਆਪਣੇ ਖਰਚੇ ਤੇ ਕਰਵਾਏਗਾ ਅਤੇ ਲਾਇਸੰਸ ਦੀ ਮਿਆਦ ਖਤਮ ਹੋਣ ਉਪਰੰਤ ਬਿਲਡਿੰਗ/ਦੁਕਾਨ ਆਦਿ ਉਸੇ ਹਾਲਤ ਵਿਚ ਹੀ ਲਾਇਸੰਸੀ ਨੂੰ ਦੇਵੇਗਾ ਜਿਸ ਹਾਲਤ ਵਿਚ ਲਈ ਹੋਵੇਗੀ। ਲਾਇਸੰਸੀ ਬਿਲਡਿੰਗ ਦੀ ਬਨਾਵਟ ਵਿਚ ਕੋਈ ਤਬਦੀਲੀ ਨਹੀ ਕਰੇਗਾ ਨਾ ਹੀ ਉਸ ਦੀ ਭੰਨ-ਤੋੜ ਕਰੇਗਾ

6. ਲਾਇਸੰਸੀ ਜਿਸ ਮੰਤਵ ਲਈ ਦੁਕਾਨ/ਸਟਾਲ ਜਾਂ ਖਾਲੀ ਥਾਂ ਲਵੇਗਾ ਉਹ ਕੇਵਲ ਉਸ ਮੰਤਵ ਲਈ ਹੀ ਉਸਨੂੰ ਇਸਤੇਮਾਲ ਕਰੇਗਾ। ਜੇਕਰ ਲਾਇਸੰਸੀ ਇਸ ਦੀ ਉਲੰਘਣਾ ਕਰਦਾ ਪਾਇਆ ਜਾਂਦਾ ਹੈ ਤਾਂ ਲਾਇਸੰਸਰ ਜਾ ਉਸ ਦਾ ਨੁਮਾਇੰਦਾ ਲਾਇਸੰਸੀ ਨੂੰ ਢੁਕਵਾਂ ਜੁਰਮਾਨਾ ਲਗਾਏਗਾ ਅਤੇ ਵਾਰ ਵਾਰ ਇਸ ਦੀ ਉਲਘਣਾ ਕਰਨ ਤੇ ਘੱਟੋ-ਘੱਟ 3 (ਤਿੰਨ) ਵਾਰ ਜੁਰਮਾਨਾ ਪਾਉਣ ਉਪਰੰਤ 15 ਦਿਨਾਂ ਦਾ ਨੋਟਿਸ ਦੇਣ ਉਪਰੰਤ ਲਾਇਸੰਸ ਕੈਂਸਲ ਕਰਨ ਅਤੇ ਸਕਿਉਰਟੀ ਜਬਤ ਕਰਨ ਦਾ ਅਧਿਕਾਰ ਲਾਇਸੰਸਰ ਕੋਲ ਹੋਵੇਗਾ। ਲਾਇਸੰਸੀ ਦੁਕਾਨ/ਸਟਾਲ ਜਾਂ ਇਸ ਦੇ ਕਿਸੇ ਹਿੱਸੇ ਨੂੰ ਅਗਾਹ ਕਿਰਾਏ ਤੇ ਲਾਇਸੰਸ ਤੇ (ਸਬਲੈਟ) ਨਹੀ ਦੇਵੇਗਾ/ਕਰੇਗਾ ਅਤੇ ਨਾ ਹੀ ਕਿਸੇ ਹੋਰ ਪਾਰਟੀ ਨੂੰ ਆਪਣਾ ਹਿਸੇਦਾਰ ਬਣਾਏਗਾ।

7. ਲਾਇਸੰਸੀ ਜਾਂ ਉਸਦੇ ਨੌਕਰਾਂ ਦੀ ਜਨਤਾ ਵਲੋਂ ਕੋਈ ਸਿਕਾਇਤ ਆਉਣ ਤੇ ਜਨਰਲ ਮੈਨੇਜਰ .ਨੂੰ 15 ਦਿਨਾ ਦਾ ਨੋਟਿਸ ਦੇ ਕੇ ਲਾਇਸੰਸ ਕੈਂਸਲ ਕਰਨ ਦਾ ਪੂਰਾ ਹੱਕ ਹਾਸਲ ਹੋਵੇਗਾ।

8. ਲਾਇਸੰਸੀ ਨੂੰ ਲਾਇਸੰਸ ਮਨਸੂਖ ਕਰਨ ਦਾ ਕੋਈ ਹੱਕ ਨਹੀ ਹੋਵੇਗਾ ਮਗਰ ਲਾਇਸੰਸੀ ਵਲੋ ਕੋਈ ਗਲਤੀ ਜਾਂ ਸ਼ਰਤਾਂ ਦੀ ਪਾਲਣਾ ਨਾ ਕਰਨ ਤੇ ਜਨਰਲ ਮੈਨੇਜਰ ਨੂੰ ਹੱਕ ਹਾਸਲ ਹੋਵੇਗਾ ਕਿ ਉਹ 15 ਦਿਨਾ ਦਾ ਨੋਟਿਸ ਦੇ ਕੇ ਲਾਇਸੰਸ ਮਨਸੂਖ ਕਰ ਦੇਵੇਗਾ ਅਤੇ ਲਾਇਸੰਸ ਦੁਬਾਰਾ ਬੋਲੀ ਕਰਵਾ ਕੇ ਬੋਲੀਕਾਰ ਨੂੰ ਦਿੱਤਾ ਜਾਵੇਗਾ।

9. ਲਾਇਸੰਸੀ ਨੂੰ ਦੁਕਾਨ/ਸਟਾਲ ਤੇ ਸਫਾਈ ਦਾ ਖਾਸ ਖਿਆਲ ਰੱਖੇਗਾ ਅਤੇ ਲੋਕਾਂ ਦੇ ਇਸਤੇਮਾਲ ਕਰਨ ਦੀਆਂ ਚੀਜਾਂ ਨਿਯਤ ਅਤੇ ਚੰਗੀ ਹਾਲਤ ਵਿਚ ਰੱਖੇਗਾ।

10. ਲਾਇਸੰਸੀ ਨੂੰ ਲਾਇਸੰਸ ਵਿੱਚ ਲਿਖੀ ਹੋਈ ਦੁਕਾਨ/ਸਟਾਲ ਤੋਂ ਇਲਾਵਾ ਕਿਸੇ ਪਲੇਟਫਾਰਮ ਦਾ ਜਾਂ ਸਟੈਂਡ ਦੀ ਗ੍ਹਾ ਇਸਤੇਮਾਲ ਨਹੀਂ ਕਰੇਗਾ ਅਤੇ ਆਪਣੀ ਹੱਦ ਅੰਦਰ ਹੀ ਰਹੇਗਾ ।

1. ਲਾਇਸੰਸੀ ਨਸ਼ੇ ਦੀਆਂ ਚੀਜਾਂ ਜਾਂ ਕਿਸੇ ਵੀ ਤਰਾਂ ਦਾ ਇਤਰਾਜ ਯੋਗ ਸਾਹਿਤ/ਲਿਟਰੇਚਰ ਨਾ ਤਾ ਆਪ ਵੇਚੇਗਾ ਤੇ ਨਾ ਹੀ ਕਿਸੇ ਨੂੰ ਵੇਚਣ ਦੀ ਇਜਾਜਤ ਦੇਵੇਗਾ । ਜੇਕਰ ਇੰਨਾ ਦੀ ਉਲੰਘਣਾ ਕਰੇਗਾ ਤਾਂ ਉਸਦਾ ਲਾਇਸੰਸ ਸਲ ਕਰ ਦਿੱਤਾ ਜਾਵੇਗਾ ।

2.ਲਾਇਸੰਸ ਤੇ ਦਿੱਤੀ ਦੁਕਾਨ/ਸਟਾਲ/ਜਗਾਹ ਤੇ ਸਰਕਾਰ/ਮਿਉਨਿਸੀਪਲ ਕਮੇਟੀ ਵਲੋਂ ਲਗਾਏ ਗਏ ਸਾਰੇ ਕਸ ਲਾਇਸੰਸੀ ਨੂੰ ਲਾਇਸੰਸ ਫੀਸ ਦੇ ਨਾਲ ਜਮ੍ਹਾਂ ਕਰਵਾਉਣ ਪੈਣਗੇ, ਅਜੀਹਾ ਨਾ ਹੋਣ ਦੀ ਸੂਰਤ ਵਿਚ ਸਦਾ ਲਾਇਸੰਸ ਕੈਂਸਲ ਕਰ ਦਿੱਤਾ ਜਾਵੇਗਾ।

3.ਲਾਇਸੰਸੀ ਕਿਸੇ ਵੀ ਸ਼ਕਲ ਵਿੱਚ ਲਾਇਸ਼ੰਸ ਤੇ ਲਈ ਜਗਾਹ ਨੂੰ ਮਸ਼ਹੂਰੀ ਆਦਿ ਦੇ ਮੰਤਵ ਲਈ ਨਹੀ ਰਤੇਗਾ ਅਤੇ ਨਾ ਹੀ ਕਿਸੇ ਹੋਰ ਨੂੰ ਵਰਤਣ ਦੀ ਆਗਿਆ ਦੇਵੇਗਾ ਲਾਇਸੰਸੀ ਕਿਸੇ ਹੋਰ ਲਾਇਸੰਸੀ ਜੋ ਉਸੇ ਲਡਿੰਗ ਵਿੱਚ ਹੋਵੇਗਾ ਦੇ ਹੱਕ ਨਹੀਂ ਮਾਰੇਗਾ।

4. ਦੁਕਾਨ /ਸਟਾਲ ਤੇ ਖਾਣ ਪੀਣ ਦੀਆਂ ਚੀਜਾਂ ਦੇ ਰੇਟ ਜ਼ਿਲਾ ਮੈਜਿਸਟਰੇਟ/ ਸਬ ਡਵੀਜਨਲ ਜਿਸਟਰੇਟ/ਮੈਨੇਜਿੰਗ ਡਾਇਰੈਕਟਰ ਜਾਂ ਜਨਰਲ ਮੈਨੇਜਰ ਪੀ.ਆਰ.ਟੀ.ਸੀ ਹੀ ਪ੍ਰਵਾਨ ਕਰਨਗੇ ਅਤੇ ਜਦੋਂ ਵੀ ਟ ਬਦਲਣਗੇ ਤਾਂ ਇਹਨਾਂ ਦੀ ਇਕ ਲਿਸਟ ਜਨਰਲ ਮੈਨੇਜਰ ਨੂੰ ਭੇਜੀ ਜਾਵੇਗੀ ਅਤੇ ਇਨ੍ਹਾਂ ਰੇਟਾਂ ਤੇ ਹੀ ਾਇਸੰਸੀ ਖਾਣ ਪੀਣ ਦੀਆਂ ਚੀਜਾਂ ਵੇਚ ਸਕਣਗੇ। ਚੀਜਾਂ ਦਾ ਮਿਆਰ ਚੰਗਾ ਹੋਵੇਗਾ ਅਤੇ ਚੀਜਾਂ ਦਾ ਮੁੱਲ ਜਾਰਨਾਲੋਂ ਵੱਧ ਨਹੀਂ ਹੋਵੇਗਾ। ਇਹਨਾਂ ਦੀ ਇਕ ਲਿਸਟ ਦੁਕਾਨ ਦੇ ਸਾਹਮਣੇ ਲਟਕਾਉਣਗੇ। ਜਿਸ ਵਿਚ ਵੇਚਣ ਲੇ ਸਮਾਨ/ਸਾਇਕਲ ਸਟੈਂਡ ਜਾਂ ਕਾਰ ਸਟੈਂਡ ਆਦਿ ਦੇ ਰੇਟਾਂ ਦਾ ਪੂਰਾ ਵੇਰਵਾ ਦਰਜ ਹੋਵੇਗਾ। ਜੇਕਰ ਕੋਈ ਾਇਸੰਸੀ ਇਸ ਦੀ ਉਲੰਘਣਾ ਕਰੇਗਾਂ ਤਾਂ ਉਸ ਦਾ ਲਾਇਸੰਸ ਬਿਨ੍ਹਾਂ ਨੋਟਿਸ ਦਿੱਤੇ ਕੈਂਸਲ ਕਰ ਦਿੱਤਾ ਜਾਵੇਗਾ।

5. ਇਹ ਵੇਖਣ ਵਾਸਤੇ ਕਿ ਲਾਇਸੰਸੀ ਸ਼ਰਤਾਂ ਦੀ ਪਾਲਣਾ ਕਰ ਰਿਹਾ ਹੈ ਕਿ ਨਹੀ ਲਾਇਸੰਸੀ ਦੀ ਦੁਕਾਨ ਜਾਂ ਗਾਹ ਦੀ ਜਨਰਲ ਮੈਨੇਜਰ ਕਿਸੇ ਵੀ ਵਿਅਕਤੀ ਨੂੰ ਉਸ ਥਾਂ ਦੀ ਤਾਰੀਖ ਦਾ ਪਤਾ ਲਗਾ ਕਿ ਫੋਟੋ ਲੈ ਸਕਦਾ ਜਿਸ ਤੇ ਲਾਇਸੰਸੀ ਨੂੰ ਕੋਈ ਇਤਰਾਜ ਨਹੀ ਹੋਵੇਗਾ।

16. ਬੱਸ ਸਟੈਂਡ ਦੀ ਬਦਲੀ ਦੀ ਸੂਰਤ ਵਿਚ ਜਾਂ ਬਸ ਸਟੈਂਡ ਦੀ ਮੁੜ ਉਸਾਰੀ ਦੀ ਸੂਰਤ ਸਮੇਂ ਪੀ.ਆਰ.ਟੀ.ਸੀ ਆਪਣੇ ਇਸਤੇਮਾਲ ਕਰਨ ਲਈ ਜੇਕਰ ਕਿਸੇ ਦੁਕਾਨ ਜਾਂ ਥਾਂ ਦੀ ਜਰੂਰਤ ਹੁੰਦੀ ਹੈ ਤਾਂ ਇਕ ਮਹੀਨੇ ਦਾ ਟਿਸ ਦੇ ਕੇ ਖਾਲੀ ਕਰਵਾਇਆ ਜਾ ਸਕਦਾ ਹੈ ਇਸਤੇ ਲਾਇਸੰਸੀ ਨੂੰ ਕੋਈ ਇਤਰਾਜ ਨਹੀ ਹੋਵੇਗੀ।